NSW GOVERNMENT | Education & Communities

# Getting ready for school

A guide for parents of a child with disability

# ਸਕੂਲ ਲਈ ਤਿਆਰੀ ਕਰਦਿਆਂ

## ਅੰਗਹੀਣਤਾ ਜਾਂ ਨਿਰਯੋਗਤਾ ਵਾਲੇ ਬੱਚਿਆਂ ਦੇ ਮਾਪਿਆਂ ਲਈ ਇੱਕ ਮਾਰਗ-ਦਰਸ਼ਕ







Punjabi



Kindergarten ਦੀ ਸ਼ੁਰੂਆਤ ਹਰੇਕ ਬੱਚੇ ਦੇ ਜੀਵਨ ਵਿੱਚ ਇੱਕ ਉਤੇਜਕ ਕਦਮ ਹੁੰਦਾ ਹੈ। ਤੁਹਾਡੇ ਬੱਚੇ ਲਈ ਇੱਕ ਸਕੂਲ ਦੀ ਚੋਣ ਕਰਨਾ ਇੱਕ ਵੱਡਾ ਫ਼ੈਸਲਾ ਹੁੰਦਾ ਹੈ ਅਤੇ ਅੰਗਹੀਣਤਾ ਜਾਂ ਨਿਰਯੋਗਤਾ ਵਾਲੇ  ਬੱਚਿਆਂ ਦੇ ਮਾਪਿਆਂ ਨੂੰ ਤਾਂ ਇਸ ਪ੍ਰਕਿਰਿਆ ਵਿੱਚ ਕੁੱਝ ਵਧੇਰੇ ਹੀ ਸ਼ਾਮਲ ਹੋਣਾ ਪੈਂਦਾ ਹੈ।

ਇਹ ਮਾਰਗ-ਦਰਸ਼ਕ (ਗਾਈਡ) ਤੁਹਾਡੇ ਬੱਚੇ ਦੀਆਂ ਜ਼ਰੂਰਤਾਂ ਮੁਤਾਬਕ ਕੋਈ ਬਿਹਤਰੀਨ ਸਕੂਲ ਚੁਣਨ ਅਤੇ ਉਸ ਵਿੱਚ ਦਾਖ਼ਲੇ ਦੀਆਂ ਤਿਆਰੀਆਂ ਦੀ ਪ੍ਰਕਿਰਿਆ ਵਿੱਚ ਤੁਹਾਡੀ ਮਦਦ ਦੇ ਮੰਤਵ ਨਾ਼ਲ ਤਿਆਰ ਕੀਤਾ ਗਿਆ ਹੈ।

## ਸ਼ੁਰੂਆਤ ਕਿੱਥੋਂ ਕਰੀਏ





- ਜੇ ਤੁਹਾਡਾ ਕੋਈ ਬੱਚਾ ਅੰਗਹੀਣਤਾ ਜਾਂ ਨਿਰਯੋਗਤਾ ਨਾਲ਼ ਜੀਵਨ ਬਤੀਤ ਕਰ ਰਿਹਾ ਹੈ ਤਦ ਤੁਹਾਨੂੰ ਇਹ ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਤੁਸੀਂ ਆਪਣੇ ਬੱਚੇ ਦੇ ਸਕੂਲ ਦੀ ਸ਼ੁਰੂਆਤ ਤੋਂ ੧੨ ਮਹੀਨੇ ਪਹਿਲਾਂ ਜਾਂ ਤਾਂ ਆਪਣੇ ਸਥਾਨਕ ਸਕੂਲ ਜਾਂ ਆਪਣੇ ਖੇਤਰੀ ਦਫ਼ਤਰ ਨਾਲ ਸੰਪਰਕ ਕਰੋ। ਇਸ ਤਰ੍ਹਾਂ ਤੁਹਾਨੂੰ ਵਾਜਬ ਸਟਾਫ਼ ਨਾਲ ਆਪਣੇ ਬੱਚੇ ਦੀਆਂ ਵਿਸ਼ੇਸ਼ ਵਿਦਿਅਕ ਅਤੇ ਹੋਰ ਮਦਦਗਾਰ ਜ਼ਰੂਰਤਾਂ ਬਾਰੇ ਵਿਚਾਰ ਵਟਾਂਦਰਾ ਕਰਨ ਦਾ ਮੌਕਾ ਮਿਲ ਜਾਵੇਗਾ।
- ਜਿੱਥੇ ਤੁਹਾਡੇ ਬੱਚੇ ਲਈ ਉਸ ਦੀ ਆਪਣੀ ਮੌਜੂਦਗੀ ਦੀ ਜ਼ਰੂਰਤ ਹੋਵੇ ਤਦ ਇਹ ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਤੁਸੀਂ ਆਪਣੇ ਸਥਾਨਕ ਸਕੂਲ ਜਾਂ ਖੇਤਰੀ ਦਫ਼ਤਰ ਨਾਲ ਸਕੂਲ ਦੀ ਸ਼ੁਰੂਆਤ ਤੋਂ ਦੋ ਸਾਲ ਪਹਿਲਾਂ ਮੁਢਲਾ ਸੰਪਰਕ ਕਰ ਲਵੋ। ਇਸ ਨਾਲ ਵਿਭਾਗ ਨੂੰ ਤੁਹਾਡੇ ਸਕੂਲਿੰਗ ਵਿਕਲਪਾਂ ਦੀ ਸ਼ਨਾਖ਼ਤ ਕਰਨ ਅਤੇ ਤੁਹਾਡੇ ਬੱਚੇ ਵੱਲੋਂ ਸਕੂਲ ਦੀ ਸ਼ੁਰੂਆਤ ਸਮੇਂ ਉਸ ਲਈ ਕੋਈ ਬੁਨਿਆਦੀ ਢਾਂਚਾ ਤਿਆਰ ਰੱਖਣਾ ਯਕੀਨੀ ਬਣਾਉਣ ਲਈ ਢੁਕਵਾਂ ਸਮਾਂ ਮਿਲ ਜਾਵੇਗਾ।
- ਜਦੋਂ ਤੁਸੀਂ ਪ੍ਰਿੰਸੀਪਲ ਨਾਲ ਮੁਲਾਕਾਤ ਕਰਦੇ ਹੋ, ਤਦ ਤੁਸੀਂ ਵਾਜਬ ਹਾਲੀਆ ਮੈਡੀਕਲ ਅਤੇ ਇਲਾਜ ਦੇ ਮੁਲੰਕਣ ਵੀ ਆਪਣੇ ਨਾਲ ਲੈ ਕੇ ਜਾਵੋ, ਤਾਂ ਜੋ ਇਨ੍ਹਾਂ ਬਾਰੇ ਵੀ ਉਥੇ ਗੱਲਬਾਤ ਹੋ ਸਕੇ।
- ਆਪਣੇ ਮਦਦਗਾਰ ਨੈਟਵਰਕ ਦੇ ਮੈਂਬਰਾਂ (ਉਦਾਹਰਣ ਵਜੋਂ ਪਰਿਵਾਰ, ਦੋਸਤ, ਡਾਕਟਰ, ਬੱਚਿਆਂ ਦਾ ਡਾਕਟਰ, ਸਲਾਹਕਾਰ ਸਮੂਹ, ਅੰਗਹੀਣਤਾ ਨੈਟਵਰਕ, ਫ਼ਿਜ਼ੀਓਥੈਰਾਪਿਸਟ, ਮਨੋਵਿਗਿਆਨੀ, ਕਿੱਤਾਮੁਖੀ ਥੈਰਾਪਿਸਟ, ਸਪੀਚ ਪੈਥੋਲੋਜਿਸਟ) ਅਤੇ ਅੰਗਹੀਣਤਾ ਜਾਂ ਨਿਰਯੋਗਤਾ ਨਾਲ ਜੀਵਨ ਬਤੀਤ ਕਰ ਰਹੇ ਬੱਚਿਆਂ ਦੇ ਮਾਪਿਆਂ ਦੇ ਸਕੂਲੀ ਤਜਰਬੇ ਜਾਣਨ ਲਈ ਉਨ੍ਹਾਂ ਨਾਲ ਗੱਲਬਾਤ ਕਰੋ।
- ਤੁਹਾਡੀ ਪ੍ਰੀਸਕੂਲ ਜਾਂ ਹੋਰ ਮੁਢਲੇ ਬਚਪਨ ਦੀ ਸੇਵਾ ਵੀ ਸਕੂਲ ਜਾਣ ਵਿੱਚ ਮਦਦ ਕਰ ਸਕਦੀ ਹੈ। ਜੇ ਤੁਹਾਡੇ ਬੱਚੇ ਨੂੰ ਇਨ੍ਹਾਂ ਸੇਵਾਵਾਂ ਦੀ ਕੋਈ ਸਹਾਇਤਾ ਪ੍ਰਾਪਤ ਨਹੀਂ ਹੈ, ਤਾਂ ਤੁਸੀਂ ਆਪਣੇ ਸਥਾਨਕ ਸਕੂਲ ਜਾਂ ਖੇਤਰੀ ਦਫ਼ਤਰ ਨਾਲ ਸੰਪਰਕ ਕਰ ਸਕਦੇ ਹੋ ਜੋ ਤੁਹਾਡੇ ਇਲਾਕੇ ਦੇ ਸਕੂਲ ਪ੍ਰੋਗਰਾਮ ਵਿੱਚ ਵਿਸ਼ੇਸ਼ ਪਾਰਗਮਨ ਦੀ ਪੇਸ਼ਕਸ਼ ਕਰ ਸਕਦੇ ਹਨ। ਤੁਸੀਂ ਆਪਣੇ ਖੇਤਰੀ ਦਫ਼ਤਰ ਨਾਲ ਆਪਣੇ ਘਰ ਦੇ ਫ਼ੋਨ ਤੋਂ ਫ਼ੋਨ ਨੰਬਰ: 131 536 ਉਤੇ ਸੰਪਰਕ ਕਰ ਸਕਦੇ ਹੋ।

## ਐਨਰੋਲਮੈਂਟ ਵਿਕਲਪ

- ਸਮੁੱਚੇ NSW ਵਿੱਚ, ਸਿੱਖਿਆ ਤੇ ਭਾਈਚਾਰਿਆਂ ਬਾਰੇ ਵਿਭਾਗ (Department of Education and Communities) (DEC) ਵੱਲੋਂ ਵਿਸ਼ੇਸ਼ ਜ਼ਰੂਰਤਾਂ ਵਾਲੇ ਵਿਦਿਆਰਥੀਆਂ ਦੀ ਸਹਾਇਤਾ ਲਈ ਬਹੁਤ ਵਿਆਪਕ ਰੇਂਜ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਨ।
- ਪੁਸ਼ਟੀ ਹੋਈ ਅੰਗਹੀਣਤਾ ਵਾਲੇ ਬੱਚੇ ਦੇ ਮਾਪੇ ਜਾਂ ਸਰਪ੍ਰਸਤ ਵਜੋਂ ਤੁਸੀਂ ਨਿਮਨਲਿਖਤ ਵਿਦਿਅਕ ਵਿਕਲਪਾਂ ਬਾਰੇ ਵਿਚਾਰ ਕਰ ਸਕਦੇ ਹੋ:
  - ਤੁਹਾਡਾ ਸਥਾਨਕ ਸਕੂਲ
  - ਕਿਸੇ ਨਿਯਮਤ ਸਕੂਲ ਵਿੱਚ ਕੋਈ ਵਿਸ਼ੇਸ਼ ਜਮਾਤ
  - ਕੋਈ ਵਿਸ਼ੇਸ਼ ਸਕੂਲ (ਵਿਸ਼ੇਸ਼ ਮੰਤਵਾਂ ਵਾਲਾ ਸਕੂਲ)

## ਸਹੀ ਸਕੂਲਿੰਗ ਵਿਲਕਪ ਲੱਭਣਾ

ਸਕੂਲ ਪ੍ਰਿੰਸੀਪਲ ਸਕੂਲ ਦੀ ਸਿਖਾਉਣ ਵਾਲੀ ਅਤੇ ਮਦਦਗਾਰ ਟੀਮ ਨਾਲ ਸਲਾਹ ਮਸ਼ਵਰਾ ਕਰ ਕੇ ਤੁਹਾਡੇ ਬੱਚੇ ਲਈ ਸਹੀ ਸਕੂਲਿੰਗ ਵਿਕਲਪ ਲੱਭਣ ਵਿੱਚ ਤੁਹਾਡੀ ਮਦਦ ਕਰੇਗਾ, ਤੁਹਾਡੀ ਪਸੰਦ ਜਾਂ ਚੋਣ, ਤੁਹਾਡੇ ਬੱਚੇ ਦੀਆਂ ਵਿਸ਼ੇਸ਼ ਸਿੱਖਣ ਤੇ ਮਦਦਗਾਰ ਜ਼ਰੂਰਤਾਂ ਅਤੇ ਮਾਹਿਰਾਂ ਦੀਆਂ ਸਥਾਨਕ ਸੇਵਾਵਾਂ ਦੀ ਨੇੜਤਾ ਦਾ ਧਿਆਨ ਰੱਖਿਆ ਜਾਵੇਗਾ। ਤੁਹਾਡਾ ਸਥਾਨਕ ਖੇਤਰੀ ਦਫ਼ਤਰ ਤੁਹਾਡੇ ਬੱਚੇ ਲਈ ਤੁਹਾਨੂੰ ਸਹੀ ਵਿਕਲਪ ਲੱਭਣ ਵਿੱਚ ਵੀ ਮਦਦ ਕਰ ਸਕਦਾ ਹੈ।

## ਅੰਗਹੀਣਤਾ ਵਾਲੇ ਬੱਚੇ ਨੂੰ ਐਨਰੋਲ ਕਰਨਾ

- ਇੱਕ ਨਿਯਮਤ ਜਮਾਤ ਵਿੱਚ ਐਨਰੋਲਮੈਂਟ ਤੁਹਾਡੇ ਸਥਾਨਕ ਸਕੂਲ ਰਾਹੀਂ ਕੀਤੀ ਜਾਂਦੀ ਹੈ।
- ਇੱਕ ਵਿਸ਼ੇਸ਼ ਕਲਾਸ ਵਿੱਚ ਜਾਂ ਕਿਸੇ ਵਿਸ਼ੇਸ਼ ਸਕੂਲ ਵਿੱਚ ਐਨਰੋਲਮੈਂਟ ਇੱਕ ਖੇਤਰੀ ਪਲੇਸਮੈਂਟ ਪੈਨਲ ਵਜੋਂ ਜਾਣੀ ਜਾਂਦੀ ਪ੍ਰਕਿਰਿਆ ਰਾਹੀਂ ਕੀਤੀ ਜਾਂਦੀ ਹੈ।
- ਇਸ ਬਾਰੇ ਜਾਣਕਾਰੀ ਤੁਸੀਂ ਆਪਣੇ ਘਰ ਦੇ ਫ਼ੋਨ ਤੋਂ ਆਪਣੇ ਖੇਤਰੀ ਦਫ਼ਤਰ ਨਾਲ ਫ਼ੋਨ ਨੰਬਰ 131 536 ਰਾਹੀਂ ਸੰਪਰਕ ਕਰ ਕੇ ਹਾਸਲ ਕਰ ਸਕਦੇ ਹੋ।

## ਸ਼ਾਰਟਲਿਸਟ ਕਰਨਾ

- ਤੁਸੀਂ ਇਸ ਵੈਬਸਾਈਟ ਉਤੇ ਆਪਣੇ ਸਥਾਨਕ ਸਕੂਲ ਦੀ ਸ਼ਨਾਖ਼ਤ ਕਰਨ ਲਈ ਆਨਲਾਈਨ ਸਕੂਲ ਲੋਕੇਟਰ ਦੀ ਵਰਤੋਂ ਕਰ ਸਕਦੇ ਹੋ www.schools.nsw.edu.au/schoolfind/locator/ ਇੱਥੇ, ਤੁਸੀਂ ਸਕੂਲ ਦੀ ਕਿਸਮ, ਜਿਸ ਨੂੰ ਵਿਸ਼ੇਸ਼ ਮੰਤਵਾਂ ਵਾਲੇ ਸਕੂਲਾਂ ਵਜੋਂ ਜਾਣੇ ਜਾਂਦੇ ਵਿਸ਼ੇਸ਼ ਸਕੂਲ ਦੀ ਕਿਸਮ ਦੇ ਨਾਂਅ ਨਾਲ ਖੋਜ ਕਰ ਸਕਦੇ ਹੋ ਪਰ ਚੇਤੇ ਰੱਖੋ ਕਿ ਇਨ੍ਹਾਂ ਸੁਵਿਧਾਵਾਂ ਵਿੱਚ ਐਨਰੋਲਮੈਂਟ ਦੀ ਪ੍ਰਕਿਰਿਆ ਤੁਹਾਡੇ ਖੇਤਰੀ ਦਫ਼ਤਰ ਰਾਹੀਂ ਹੁੰਦੀ ਹੈ। ਤੁਸੀਂ ਆਪਣੇ ਘਰ ਦੇ ਫ਼ੋਨ ਤੋਂ ਫ਼ੋਨ ਨੰਬਰ 131 536 ਉਤੇ ਆਪਣੇ ਖੇਤਰੀ ਦਫ਼ਤਰ ਨਾਲ ਸੰਪਰਕ ਕਰ ਸਕਦੇ ਹੋ।
- ਵਿਕਲਪਾਂ ਅਤੇ ਆਪਣੇ ਬੱਚੇ ਦੀਆਂ ਵਿਸ਼ੇਸ਼ ਜ਼ਰੂਰਤਾਂ ਬਾਰੇ ਵਿਚਾਰ ਵਟਾਂਦਰਾ ਕਰਨ ਲਈ ਆਪਣੇ ਸਥਾਨਕ ਸਕੂਲ ਪ੍ਰਿੰਸੀਪਲ ਨਾਲ ਮੁਲਾਕਾਤ ਦਾ ਸਮਾਂ ਤੈਅ ਕਰੋ। ਬਹੁਤੇ ਮਾਪਿਆਂ ਨੂੰ ਆਪਣੇ ਨਾਲ ਕੋਈ ਦੋਸਤ ਜਾਂ ਰਿਸ਼ਤੇਦਾਰ ਲਿਜਾ ਕੇ ਮਦਦ ਮਿਲਦੀ ਹੈ।
- ਇਸ ਮੀਟਿੰਗ ਲਈ ਆਪਣੇ ਨਾਲ ਸਾਰੇ ਹਾਲੀਆ ਮੈਡੀਕਲ ਮੁਲੰਕਣ ਲੈ ਕੇ ਜਾਓ ਤਾਂ ਜੋ ਤੁਸੀਂ ਉਹ ਵਿਭਾਗੀ ਸਟਾਫ਼ ਨਾਲ ਸਾਂਝੇ ਕਰ ਸਕੋ।
- ਤੁਹਾਨੂੰ ਮੀਟਿੰਗ ਦੌਰਾਨ ਵਿਚਾਰ ਵਟਾਂਦਰੇ ਲਈ ਆਪਣੇ ਬੱਚੇ ਦੀਆਂ ਵਿਦਿਅਕ ਜ਼ਰੂਰਤਾਂ ਬਾਰੇ ਆਪਣੀਆਂ ਚਿੰਤਾਵਾਂ ਜਾਂ ਪ੍ਰਸ਼ਨਾਂ ਦੀ ਸੂਚੀ ਤਿਆਰ ਕਰਨੀ ਚੰਗੀ ਲੱਗ ਸਕਦੀ ਹੈ।



## ਵਾਧੂ ਸਹਾਇਤਾ

ਜੇ ਤੁਹਾਡੇ ਬੱਚੇ ਨੂੰ ਕੋਈ ਅੰਗਹੀਣਤਾ ਜਾਂ ਨਿਰਯੋਗਤਾ ਹੈ ਜਾ ਸਿੱਖਣ ਵਿੱਚ ਕੋਈ ਔਖਿਆਈ ਪੇਸ਼ ਆਉਂਦੀ ਹੈ ਅਤੇ ਉਸ ਨੂੰ ਸਕੂਲ ਵਿੱਚ ਕਿਸੇ ਵਾਧੂ ਸਹਾਇਤਾ ਦੀ ਲੋੜ ਪੈਂਦੀ ਹੈ ਤਦ ਕ੍ਰਿਪਾ ਕਰ ਕੇ ਆਪਣੇ ਬੱਚੇ ਦੇ ਸਕੂਲ ਦੇ ਪ੍ਰਿੰਸੀਪਲ ਜਾਂ ਆਪਣੇ ਸਥਾਨਕ ਖੇਤਰੀ ਦਫ਼ਤਰ ਨਾਲ ਸੰਪਰਕ ਕਰੋ।

ਆਪਣੇ ਬੱਚੇ ਦੀਆਂ ਤਾਕਤਾਂ, ਯੋਗਤਾਵਾਂ ਅਤੇ ਜ਼ਰੂਰਤਾਂ ਬਾਰੇ ਮਾਪੇ ਅਤੇ ਸਰਪ੍ਰਸਤ ਜਾਣਕਾਰੀ ਦੇ ਇੱਕ ਮਹੱਤਵਪੂਰਣ ਸਰੋਤ ਹੁੰਦੇ ਹਨ। ਮਾਪਿਆਂ ਅਤੇ ਸਕੂਲਾਂ ਵਿਚਾਲੇ ਪ੍ਰਭਾਵਸ਼ਾਲੀ ਤਾਲਮੇਲ ਰਾਹੀਂ ਵਿਦਿਆਰਥੀਆਂ ਦੇ ਬਿਹਤਰ ਨਤੀਜੇ ਆਉਣ ਦੀ ਸੰਭਾਵਨਾ ਰਹਿੰਦੀ ਹੈ।

ਹਰੇਕ ਸਕੂਲ ਵਿੱਚ ਸਿੱਖਣ ’ਚ ਅਤੇ ਸਹਾਇਤਾ ਕਰਨ ਵਾਲੀ ਟੀਮ ਆਪਣੇ ਵਿਦਿਆਰਥੀਆਂ ਦੀਆਂ ਵਿਦਿਅਕ ਜ਼ਰੂਰਤਾਂ ਪੂਰੀਆਂ ਕਰਨ ਲਈ ਕਲਾਸਰੂਮ ਦੇ ਅਧਿਆਪਕਾਂ ਦੀ ਮਦਦ ਕਰਦੀ ਹੈ। ਮਾਪੇ ਅਤੇ ਸਰਪ੍ਰਸਤ ਆਪਣੇ ਬੱਚਿਆਂ ਦੀਆਂ ਜ਼ਰੂਰਤਾਂ ਲਈ ਵਿਚਾਰ ਵਟਾਂਦਰੇ ਅਤੇ ਯੋਜਨਾਬੰਦੀ ਵਿੱਚ ਭਾਗ ਲੈ ਕੇ ਸਿੱਖਣ ਵਿੱਚ ਮਦਦ ਦੇਣ ਵਾਲੀ ਟੀਮ ਦੇ ਕੰਮ ਵਿੱਚ ਅਹਿਮ ਭੂਮਿਕਾ ਨਿਭਾ ਸਕਦੇ ਹਨ।

NSW ਦੇ ਪਬਲਿਕ ਸਕੂਲ ਹਰੇਕ ਵਿਦਿਆਰਥੀ ਦੀਆਂ ਵਿਅਕਤੀਗਤ ਜ਼ਰੂਰਤਾਂ ਮੁਤਾਬਕ ਅੰਗਹੀਣਤਾ ਜਾਂ ਸਿੱਖਣ ਵਿੱਚ ਔਖਿਆਈ ਮਹਿਸੂਸ ਕਰਨ ਵਾਲੇ ਵਿਦਿਆਰਥੀਆਂ ਨੂੰ ਵਾਧੂ ਸਹਾਇਤਾ ਪ੍ਰਦਾਨ ਕਰਦੇ ਹਨ।

ਇਸ ਸਹਾਇਤਾ ਵਿੱਚ ਹਿਹ ਸ਼ਾਮਲ ਹੋ ਸਕਦੇ ਹਨ:

- ਉਹ ਤਬਦੀਲੀਆਂ ਜੋ ਅਧਿਆਪਕ ਰੋਜ਼ਾਨਾ ਆਪਣੇ ਅਧਿਆਪਨ ਅਤੇ ਸਿੱਖਣ ਦੇ ਪ੍ਰੋਗਰਾਮਾਂ ਲਈ ਕਲਾਸਰੂਮ ਵਿੱਚ ਕਰਦੇ ਹਨ
- ਵਿਸ਼ੇਸ਼ ਮੁਹਾਰਤ ਵਾਲੇ ਕਰਮਚਾਰੀਆਂ ਤੱਕ ਪਹੁੰਚ ਜੋ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਕਲਾਸਰੂਮ ਅਧਿਆਪਕਾਂ ਦੀ ਸਹਾਇਤਾ ਕਰਦੇ ਹਨ
- ਸਹਾਇਤਾ ਸਟਾਫ਼ ਤੋਂ ਕਲਾਸਰੂਮ ਵਿੱਚ ਵਾਧੂ ਸਹਾਇਤਾ
- ਮਾਹਿਰ ਸਮੱਗਰੀਆਂ ਅਤੇ ਉਪਕਰਣ ਦੀ ਵਿਵਸਥਾ
- ਅਧਿਆਪਕਾਂ ਅਤੇ ਸਹਾਇਤਾ ਸਟਾਫ਼ ਲਹੀ ਮਾਹਰਾਨਾ ਸਿਖਲਾਈ ਤੱਕ ਪਹੁੰਚ।

## ਸਕੂਲ ਤੋਂ ਵੱਧ ਤੋਂ ਵੱਧ ਲੈਣਾ

- ਇੱਕ ਵਾਰ ਜਦੋਂ ਤੁਸੀਂ ਆਪਣੇ ਬੱਚੇ ਲਈ ਸਕੂਲ ਸੈਟਿੰਗ ਦੀ ਚੋਣ ਕਰ ਚੁੱਕੇ ਹੋਵੋ, ਤਦ ਤੁਸੀਂ ਜਿੰਨਾ ਵੀ ਸੰਭਵ ਹੋ ਸਕੇ ਉਸ ਨਾਲ ਜੁੜੋ। ਆਪਣੇ ਬੱਚੇ ਦੇ ਅਧਿਆਪਕਾਂ ਅਤੇ ਸਕੂਲ ਨਾਲ ਹਾਂ-ਪੱਖੀ ਸਬੰਧ ਬਣਾਓ। ਇਸ ਤਰ੍ਹਾਂ ਸਕੂਲ ਸਟਾਫ਼ ਨੂੰ ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਬਿਹਤਰ ਤਰੀਕੇ ਨਾਲ ਜਾਣਨ ਵਿੱਚ ਮਦਦ ਮਿਲੇਗੀ।
- ਨਿਯਮਤ ਰੂਪ ਨਾਲ ਆਪਣੇ ਬੱਚੇ ਦੇ ਅਧਿਆਪਕ ਦੇ ਸੰਪਰਕ ਵਿੱਚ ਰਹੋ ਤਾਂ ਜੋ ਤੁਸੀਂ ਆਪਣੇ ਬੱਚੇ ਦੇ ਸਿਖਲਾਈ ਪ੍ਰੋਗਰਾਮ ਤੇ ਪ੍ਰਗਤੀ ਅਤੇ ਤੁਹਾਡੇ ਜਾਂ ਸਕੂਲ ਲਈ ਉਠਣ ਵਾਲੇ ਨਵੇਂ ਮੁੱਦਿਆਂ ਬਾਰੇ ਵਿਚਾਰ ਵਟਾਂਦਰਾ ਕਰਦੇ ਰਹਿ ਸਕੋ।
- ਆਪਣੇ ਘਰ ਅਤੇ ਸਕੂਲ ਵਿਚਾਲੇ ਵਧੀਆ ਸੰਚਾਰ ਬਣਾ ਕੇ ਰੱਖਣ ਲਈ ਸਭ ਤੋਂ ਵੱਧ ਪ੍ਰਭਾਵਸ਼ਾਲੀ ਤਰੀਕੇ ਬਾਰੇ ਵਿਚਾਰ ਵਟਾਂਦਰਾ ਕਰੋ। ਤੁਸੀਂ ਮਾਪੇ ਵਜੋ ਆਪਣੇ ਬੱਚੇ ਨੂੰ ਸਭ ਤੋਂ ਵਧੀਆ ਜਾਣਦੇ ਹੋ। ਆਪਣੇ ਬੱਚੇ ਦੇ ਸਭ ਤੋਂ ਵੱਧ ਮਦਦਗਾਰ ਬਣੋ।
- ਜੇ ਤੁਹਾਨੂੰ ਸਕੂਲ ਨਾਲ ਸੰਪਰਕ ਕਰਨ ਵਿੱਚ ਮਦਦ ਲਈ ਕਿਸੇ ਦੁਭਾਸ਼ੀਏ ਦੀ ਜ਼ਰੂਰਤ ਹੈ, ਤਾਂ ਕ੍ਰਿਪਾ ਕਰ ਕੇ 131 450 ਉਤੇ ਟੈਲੀਫ਼ੋਨ ਦੁਭਾਸ਼ੀਆ ਸੇਵਾ ਨੂੰ ਕੱਾਲ ਕਰੋ ਅਤੇ ਆਪਣੀ ਭਾਸ਼ਾ ਵਿੱਚ ਇੱਕ ਦੁਭਾਸ਼ੀਆ ਮੰਗੋ। ਆਪਰੇਟਰ ਸਕੂਲ ਵਿੱਚ ਕੱਾਲ ਕਰੇਗਾ ਅਤੇ ਤੁਹਾਡੀ ਗੱਲਬਾਤ ਵਿੱਚ ਤੁਹਾਡੀ ਮਦਦ ਲਈ ਟੈਲੀਫ਼ੋਨ ਉਤੇ ਕੋਈ ਦੁਭਾਸ਼ੀਆ ਲਿਆਵੇਗਾ। ਜੇ ਬੇਨਤੀ ਕੀਤੀ ਜਾਵੇਗੀ ਤਾਂ ਸਕੂਲ ਦੀਆਂ ਮੀਟਿੰਗਾਂ ਵਿੱਚ ਕਿਸੇ ਦੁਭਾਸ਼ੀਏ ਦੀ ਵਿਵਸਥਾ ਸਕੂਲ ਕਰੇਗਾ। ਤੁਹਾਡੇ ਲਈ ਇਹ ਸੇਵਾਵਾਂ ਮੁਫ਼ਤ ਹੋਣਗੀਆਂ।







## ਹੋਰ ਸਰੋਤ

- www.schools.nsw.edu.au/gotoschool/enrolment/index.php (ਅੰਗਰੇਜ਼ੀ ਵੈਬਸਾਈਟ)
- ਮੇਰੇ ਬੱਚੇ ਨੂੰ ਕੌਣ ਪੜ੍ਹਾਉਣ ਜਾ ਰਿਹਾ ਹੈ? (*Who's Going to Teach My Child?*) (ਕੇਵਲ ਅੰਗਰੇਜ਼ੀ) www.schools.nsw.edu.au/media/downloads/schoolsweb/studentsupport/programs/lrngdificulties/whoteach.pdf
- ਕ੍ਰਿਟੀਕਲ ਬ੍ਰਿਜਸ DVD (Critical Bridges DVD) (ਕੇਵਲ ਅੰਗਰੇਜ਼ੀ) www.det.nsw.edu.au/detresources/critbridges_YKSeRaDPnn.pdf
- ਸਕੂਲ ਦੀ ਸ਼ੁਰੂਆਤ DVD (Starting School DVD) (ਸਰੋਤ ਅਰਬੀ, ਕੈਂਟੋਨੀ, ਦਾਰੀ, ਦਿਨਕਾ, ਅੰਗਰੇਜ਼ੀ, ਕੋਰੀਆਈ, ਮੈਨਡੈਰਿਨ ਅਤੇ ਵੀਅਤਨਾਮੀ ਭਾਸ਼ਾਵਾਂ ਵਿੱਚ ਉਪਲਬਧ)। ਇੱਕ ਕਾਪੀ ਦਾ ਆਰਡਰ ਦੇਣ ਲਈ Gowrie NSW ਨੂੰ ਫ਼ੋਨ (02) 8571 9700 ਉਤੇ ਕਰੋ।

**NSW Department of Education and Communities**

**ਖੇਤਰੀ ਦਫ਼ਤਰ ਦੇ ਸੰਪਰਕ ਨੰਬਰ**

**Regional office contact numbers**

| | |
|---|---|
| Hunter/Central Coast | 4924 9999 |
| Illawarra & South Coast | 4222 2929 |
| New England | 6755 5934 |
| North Coast | 6652 0500 |
| Northern Sydney | 9886 7690 |
| Riverina | 6937 3871 |
| South Western Sydney | 9796 5446 |
| Sydney | 9217 4877 |
| Western NSW | 6841 2110 |
| Western Sydney | 9208 9359 |

## ਮੇਰੇ ਨਾਲ ਸੰਪਰਕ ਲਈ (My contacts)

ਸਥਾਨਕ (ਲੋਕਲ) ਸਕੂਲ: (Local school:)

ਪ੍ਰਿੰਸੀਪਲ ਦਾ ਨਾਮ: (Principal name:)

ਫੋਨ: (Phone:)

ਨੋਟ: (Notes:)

ਖੇਤਰੀ ਦਫਤਰ: (Regional office)

ਸੰਪਰਕ ਲਈ ਨਾਮ: (Contact name)

ਫੋਨ: (Phone:)

ਨੋਟ: (Notes:)

© April 2012
NSW Department of Education and Communities

GPO Box 33
Sydney NSW 2001
Australia
T (02) 9561 8000
www.det.nsw.edu.au

NSW GOVERNMENT | Education & Communities